ਰੇਡੀਓ ਲਵੀਵਾਰ: ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

ਕੜੀ ਨੰ. 18

# ਜਲਵਾਯੂ ਬਦਲਾਅ ਦੇ ਹੋਰ ਪ੍ਰਮਾਣ

(Other Evidences of Climate Change)

**ਮੁੱਖ ਖੋਜ, ਆਲੇਖ ਤੇ ਪੰਜਾਬੀ ਰੁਪਾਂਤਰ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ**

(In this episode by way of a magic show in a dramatic manner, we shall explain the details of the other remaining evidences that have not been discussed in previous two episodes but definitely stand testimony to the fast changing climate. With the passage of time the overall rising tepmreture of this Globe is a substantial evidence, along with it we have discussed in detail the thinning of Ozone layer and the Ozone hole in the upper layer of the atmosphere, the science behind this, earlier unfolding of new leaves in spring season and other evidences like extreme weather , increasing summers dwindling winters, rings of trees and wood density etc from which it can be concluded that Climate Change and rising temperature are nothing but a real phenomenon which we need to appreciate, realize and act fast in the direction of the reversal of the same so as to save our beautiful plannet called the EARTH and be able to change the direction of the wind towards the desired direction.)

(ਇਸ ਕੜੀ ਵਿੱਚ ਮਦਾਰੀ ਦੇ ਖੇਲ ਦੇ ਨਾਟਕੀ ਅੰਦਾਜ਼ ਦੇ ਜ਼ਰੀਏ ਚਰਚਾ ਕਰਦੇ ਹੋਏ ਅਸੀਂ ਵਿਆਖਿਆ ਕਰਾਂਗੇ ਉਨ੍ਹਾਂ ਹੋਰ ਸ਼ਹਾਦਤਾਂ ਜਾਂ ਸਬੂਤਾਂ ਦੀ ਜਿਨ੍ਹਾਂ ਬਾਬਤ ਪਹਿਲੀਆਂ ਦੋ ਕੜੀਆਂ ਵਿੱਚ ਚਰਚਾ ਨਹੀਂ ਹੋਈ ਅਤੇ ਜਿਹੜੀਆਂ ਗਵਾਹੀ ਦਿੰਦੀਆਂ ਨੇ ਇਸ ਧਰਤੀ ਦੇ ਬਦਲਦੇ ਜਲਵਾਯੂ ਦੀ - ਗਰਮ ਹੁੰਦੀ ਧਰਤੀ ਦੀ! ਇਸ ਧਰਤ ਗ੍ਰਹਿ ਦਾ ਔਸਤਨ ਤਾਪਮਾਨ ਸਮੇ ਦੇ ਅੰਤਰਾਲ ਨਾਲ ਵਧ ਰਿਹਾ ਹੈ, ਇਹ ਆਪਣੇ ਆਪ ਵਿੱਚ ਸਬੂਤ ਹੈ, ਹੱਥ ਕੰਗਨ ਨੂੰ ਆਰਸੀ ਕਿਆ ਵਾਲੀ ਗੱਲ ਹੈ ਕਿ ਇਹ ਕਿਸੇ ਹੋਰ ਵੱਖਰੇ ਸਬੂਤ ਦੀ ਮੰਗ ਨਹੀਂ ਕਰਦਾ! ਧਰਤ ਦੇ ਵਾਯੂਮੰਡਲ ਦੇ ਸਿਖਰ ‘ਤੇ ਓਜ਼ੋਨ ਪਰਤ ਦੇ ਛਿੱਦੇ ਹੋਣ ਦਾ ਤੇ ਓਜ਼ੋਨ ਮੋਰੀ ਦੇ ਪ੍ਰਭਾਵ ਅਤੇ ਵਿਗਿਆਨ ਦੇ ਨਿਯਮਾਂ ਦੀ ਗੱਲ ਕੀਤੀ ਗਈ ਹੈ! ਬਸੰਤ ਰੁੱਤੇ ਰੁੱਖਾਂ ਦੇ ਨਵੇਂ ਪੱਤੇ ਜਲਦੀ ਆਉਣਾ, ਹੋਰ ਚਰਮ ਸੀਮਾ ਨੂੰ ਪਹੁੰਚਾਉਂਦੇ ਤੱਥ ਜਿਵੇਂ ਮੌਸਮ ਦਾ ਤੇਜ ਬਦਲਾਅ , ਵਧਦੀਆਂ ਗਰਮੀਆਂ , ਸੁੰਘੜਦੀਆਂ ਸਰਦੀਆਂ , ਰੁੱਖਾਂ ਦੇ ਤਨਿਆਂ ਦੇ ਛੱਲੇ ਅਤੇ ਲਕੜੀ ਦੀ ਘਣਤਾ ਆਦਿ ਦੀ ਗੱਲ ਕੀਤੀ ਹੈ ਜਿਨ੍ਹਾਂ ਤੋਂ ਇਹ ਸਿੱਟਾ ਸਹਿਜੇ ਹੀ ਨਿੱਕਲ ਆਉਂਦਾ ਹੈ ਕਿ ਆਲਮੀ ਤਪਸ਼ ਤੇ ਜਲਵਾਯੂ-ਬਦਲਾਅ ਇੱਕ ਹਕੀਕਤ ਹੈ, ਇਸ ਨੂੰ ਸਮਝ ਕੇ ਆਤਮਸਾਤ ਕਰਕੇ ਇਸ ਦੇ ਹੱਲ ਵੱਲ ਤੇਜੀ ਨਾਲ ਪੁਲਾਘਾਂ ਪੁੱਟਣ ਦੀ ਲੋੜ ਹੈ ਤਾਂ ਕਿ ਅਸੀਂ ਸਾਡੇ ਇਸ ਸੁੰਦਰ ਗ੍ਰਹਿ ਧਰਤੀ ਨੂੰ ਬਚਾ ਸਕੀਏ ਤੇ ਬਦਲ ਰਹੀਆਂ ਫਿਜ਼ਾਵਾਂ ਦਾ ਰੁਖ ਚੰਗੇ ਪਾਸੇ ਨੂੰ ਮੋੜ ਸਕੀਏ)

## ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

| | | |
|---|---|---|
| **ਰਾਮੂ (12 ਸਾਲ)** | : | ਜਮੂਰਾ |
| **ਮਹੇਸ਼ (35 ਸਾਲ)** | : | ਜਾਦੂਗਰ/ਮਦਾਰੀ |
| **ਨਰੇਸ਼ (23 ਸਾਲ)** | : | ਖੋਜੀ ਵਿਦਿਆਰਥੀ |
| **ਡਾ. ਕ੍ਰਿਸ਼ਨਾ (55 ਸਾਲ)** | : | ਵਾਤਾਵਰਨ ਵਿਗਿਆਨ ਦੇ ਪ੍ਰੋਫੈਸਰ |
| **ਨੇਹਾ (27 ਸਾਲ)** | : | ਸਹਾਇਕ ਪ੍ਰੋਫੈਸਰ ਅਤੇ ਖੋਜਾਰਥੀ |

## ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਅਠਾਰਵੀਂ ਕੜੀ 'ਜਲਵਾਯੂ ਬਦਲਾਅ ਦੇ ਹੋਰ ਪ੍ਰਮਾਣ'।**

(ਸਿਰਲੇਖ ਗੀਤ ਦਾ ਸੰਗੀਤ...)

**ਔਰਤ ਸੂਤਰਧਾਰ** : ਹਾਂ, ਪਿਆਰੇ ਸ੍ਰੋਤਿਓ ...ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਅਠਾਰਵੀਂ ਕੜੀ ਵਿੱਚ ਨਿੱਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ** : ਹਾਂ! ਪਿਛਲੀ ਕੜੀ **"ਬਨਸਪਤੀ ਤੇ ਜੀਵ-ਜੰਤੂਆਂ ਦੇ ਪਸਾਰੇ ਵਿੱਚ ਬਦਲਾਅ"** ਵਿੱਚ ਸੁਣੀ ਸੀ ਕਹਾਣੀ ਅਸੀਂ ਕਿ ਸਾਡੀ ਇਸ ਧਰਤੀ ਦੇ ਉਪਰ ਬਦਲਦੇ ਤੇ ਵਧਦੇ ਰਹੇ ਤਾਪਮਾਨ ਦੇ ਕਾਰਨ ਕਿਵੇਂ ਹੋ ਰਿਹਾ ਹੈ ਬਦਲਾਅ ਜੀਵ ਜੰਤੂਆਂ ਤੇ ਬਨਸਪਤੀ ਦੇ ਵਿੱਚ ਵੀ!

**ਔਰਤ ਸੂਤਰਧਾਰ** : ਬਿਆਨ ਕੀਤਾ ਸੀ ਕਿ ਕਿਵੇਂ ਧਰਤੀ ਉਪਰ ਹਵਾ ਮੰਡਲ ਵਿੱਚ ਅਤੇ ਸਮੁੰਦਰਾਂ ਵਿੱਚ ਬਦਲਾਅ ਆਉਂਦਾ ਹੈ ਵਧਦੇ ਤਾਪਮਾਨ ਕਾਰਨ ਅਤੇ ਬਦਲਦੀਆਂ ਹਵਾਵਾਂ ਦੇ ਕਾਰਨ!

**ਮਰਦ ਸੂਤਰਧਾਰ** : ਸੁਣਿਆ ਸੀ ਤੁਸੀਂ! ਕਿ ਸਮੁੰਦਰਾਂ ਦੇ ਜੀਵ ਜੰਤੂ ਤੇ ਬਨਸਪਤੀਆਂ ਕਿਵੇਂ ਹੁੰਦੀਆਂ ਨੇ ਖਤਮ ਇਸ ਦੇ ਪਾਣੀ ਦੇ ਗਰਮ ਹੋਣ ਦੇ ਨਾਲ!

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਤਾਪਮਾਨ ਵਧਣ ਨਾਲ ਸਮੁੰਦਰੀ ਪਾਣੀ ਦੇ ਤੇਜ਼ਾਬੀ ਕਰਨ ਵਿੱਚ ਵਾਧਾ ਹੋਣ ਨਾਲ ਖੁਰ ਜਾਂਦੀਆਂ ਨੇ ਮੂੰਗਾ ਚਟਾਨਾਂ!

**ਮਰਦ ਸੂਤਰਧਾਰ** : ਦੱਸਿਆ ਸੀ ਕਿ ਕਿਵੇਂ ਵਧਦੇ ਤਾਪਮਾਨ ਕਾਰਨ ਕਾਈਆਂ ਵਿੱਚ ਬਦਲਾਅ ਆਉਂਦਾ ਹੈ ਤੇ ਉਹ ਕਾਈਆਂ ਜਹਿਰੀਲੀਆਂ ਹੋਣ ਨਾਲ ਉਨ੍ਹਾਂ ਨੂੰ ਖਾਣ ਵਾਲੀਆਂ ਮੱਛੀਆਂ ਵੀ ਜਹਿਰੀਲੀਆਂ ਹੋ ਜਾਂਦੀਆਂ ਹਨ!

**ਔਰਤ ਸੂਤਰਧਾਰ** : ਸੁਣਾਇਆ ਸੀ ਵਿਸਤਾਰ ਕਿ ਕਿਵੇਂ ਉਹ ਪੰਛੀ ਤੇ ਜਨੌਰ ਜਿਹੜੇ ਪਹਿਲਾਂ ਪ੍ਰਸ਼ਾਂਤ ਮਹਾਂਸਾਗਰ ਦੇ ਕੇਵਲ ਕੁਝ ਟਾਪੂਆਂ 'ਤੇ ਹੀ ਸਨ ਹੁਣ ਜਲਵਾਯੂ ਬਦਲਾਅ ਕਾਰਨ ਭੋਜਨ ਮੁੱਕਣ ਨਾਲ ਪ੍ਰਵਾਸ ਕਰਕੇ ਭੋਜਨ ਦੀ ਤਲਾਸ਼ ਵਿੱਚ ਨਵੀਆਂ ਥਾਵਾਂ 'ਤੇ ਆ ਰਹੇ ਹਨ।

**ਮਰਦ ਸੂਤਰਧਾਰ** : ਹਾਂ ਸੁਣਿਆ ਸੀ ਕਿ ਕਿਵੇਂ ਬਹੁਤ ਸਾਰੇ ਪਸ਼ੂ ਤੇ ਜਨੌਰ ਜੋ ਪਹਿਲਾਂ ਕਦੀ ਕਿਸੇ ਇਲਾਕੇ ਵਿੱਚ ਆਮ ਹੀ ਹੁੰਦੇ ਸਨ ਜਲਵਾਯੂ ਬਦਲਾਅ ਕਾਰਨ ਉਥੇ ਉਨ੍ਹਾਂ ਦੀ ਨਫਰੀ ਘੱਟ ਗਈ ਹੈ!

**ਔਰਤ ਸੂਤਰਧਾਰ** : ਸੁਣਿਆ ਸੀ ਇਹ ਭੇਦ ਵੀ ਕਿ ਕਿਵੇਂ ਤਾਪਮਾਨ ਵਧਣ ਕਰਕੇ ਵਰਖਾ ਦੀ ਕਮੀ ਹੋਵੇਗੀ ਜਿਸ ਕਰਕੇ ਘਾਹ ਦੇ ਮੈਦਾਨ ਵਧ ਜਾਣਗੇ ਪਰ ਪੌਦਿਆਂ ਦੀ ਹਰਿਆਲੀ ਜਾਵੇਗੀ ਘਟ! ਪੰਛੀ ਚਲੇ ਜਾਣਗੇ ਉਚਾਈਆਂ ਵੱਲ ਤੇ ਚੀਲ ਦੇ ਪੇੜ ਅਤੇ ਤਿਤਲੀਆਂ ਨੀਚੇ ਵੱਲ ਨੂੰ!

**ਮਰਦ ਸੂਤਰਧਾਰ** : ਸੁਣਿਆ ਸੀ ਕਿ ਸੰਸਾਰ ਦਾ ਤਾਪਮਾਨ ਵਧਦੇ ਜਾਣ ਨਾਲ ਠੰਢੀਆਂ ਥਾਵਾਂ ਦੀਆਂ ਬਨਸਪਤੀਆਂ ਚਲੀਆਂ ਜਾਣਗੀਆਂ ਪਹਾੜਾਂ ਅਤੇ ਉੱਤਰੀ ਧਰੁਵੀ ਬਰਫਾਨੀ ਖੇਤਰਾਂ ਵੱਲ ਨੂੰ! ਇੱਕ ਸਦੀ ਵਿੱਚ ਹੀ ਬਨਸਪਤੀ ਤੇ ਜੀਵਾਂ ਦੀਆਂ ਇੱਕ ਚੁਥਾਈ ਪ੍ਰਜਾਤੀਆਂ ਹੋ ਜਾਣਗੀਆਂ ਵਿਲੁਪਤ!

**ਔਰਤ ਸੂਤਰਧਾਰ** : ਸੁਣਿਆ ਸੀ ਇਹ ਬ੍ਰਿਤਾਂਤ ਵੀ ਕਿ ਕਿਵੇਂ ਯੂਰਪ ਦੀਆਂ ਪ੍ਰਜਾਤੀਆਂ 37 ਤੋਂ 114 ਕਿਲੋ ਮੀਟਰ ਤੱਕ ਉਤਰ ਵੱਲ ਨੂੰ ਵਿਸਥਾਪਤ ਹੋ ਗਈਆਂ ਨੇ। ਧਰਤੀ ਦੀਆਂ 4000 ਪ੍ਰਜਾਤੀਆਂ ਦਾ ਅਧਿਅਨ ਦੱਸਦਾ ਹੈ ਕਿ ਉਹ 10 ਕਿਲੋ ਮੀਟਰ ਤੱਕ ਵਿਸਥਾਪਤ ਹੋ ਗਈਆਂ ਹਨ!

**ਮਰਦ ਸੂਤਰਧਾਰ** : ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਜਲਵਾਯੂ ਦੇ ਬਦਲਾਅ ਕਾਰਨ ਵਧਦੇ ਤਾਪਮਾਨ ਦੇ ਹੋਰ ਸਬੂਤਾਂ ਦੀ!

**ਮਰਦ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਅਠਾਰਵੀਂ ਕੜੀ **'ਜਲਵਾਯੂ ਬਦਲਾਅ ਦੇ ਹੋਰ ਪ੍ਰਮਾਣ'!** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

ਸ਼ਹਿਰ ਦੀਆਂ ਸੜਕਾਂ ਉਪਰ ਵਾਹਣਾਂ ਦਾ ਸ਼ੋਰ ਅਤੇ ਹਾਰਨ। ਇਕ ਮਦਾਰੀ... ਸੜਕ ਕਿਨਾਰੇ, ਇੱਕ ਰੁੱਖ ਦੀ ਛਾਇਆ ਵਿੱਚ ਆਪਣੇ ਖੇਡ ਦੀ ਤਿਆਰੀ ਵਿਚ ਰੁੱਝਾ ਹੈ! ਮਦਾਰੀ ਦੀ ਡੁਗਡੁਗੀ ਦੀ ਧੁਨੀ...

**ਮਹੇਸ਼** : ਮੇਹਰਬਾਨੋ...... ਕਦਰਦਾਨੋ... ਸੁਣੋ... ਸੁਣੋ...ਸੁਣੋ...!

**ਰਾਮੂ** : ਉਸਤਾਦ! ਅੱਜ ਕੀ ਕਰਨ ਜਾ ਰਹੇ ਹੋ? ਕਿਸ ਦਾ ਬਣਾਉਗੇ ਤਮਾਸ਼ਾ? ਕਿਹੜਾ ਵਿਖਾਓਗੇ ਜਾਦੂ? ਕੀ ਕੋਈ ਨਵੇਕਲੀ ਖੇਡ ਵਿਖਾਉਣ ਦਾ ਹੈ ਇਰਾਦਾ ਤੁਹਾਡਾ ਅੱਜ?

**ਮਹੇਸ਼** : ਜਮੂਰੇ! ਇੱਕ ਕਸ਼ਟਦਾਇਕ ਹਕੀਕਤ ਦਾ ਹੋਵੇਗਾ ਅੱਜ ਖੇਡ ! ਪਰ ਡਰ ਰਿਹਾ ਹਾਂ !

ਰਾਮੂ : ਹੈਂ ਉਸਤਾਦ! ਮਹੇਸ਼ ਜਾਦੂਗਰ ਤੇ ਡਰ? ਕਿਹੜੀ ਹੈ ਉਹ ਕਸ਼ਟਦਾਇਕ ਹਕੀਕਤ ਜਿਸ ਨੇ ਕਰ ਦਿੱਤਾ ਹੈ ਤੁਹਾਨੂੰ ਐਨਾ ਭੈ-ਭੀਤ !

ਮਹੇਸ਼ : ਜਮੂਰੇ! ਐਵੇਂ ਚਹੇੜਾਂ ਨਾ ਕਰ ਆਪਣੇ ਉਸਤਾਦ ਦੇ ਨਾਲ! ਜੇ ਤੂੰ ਸੇਰ ਤਾਂ ਮੈਂ ਵੀ ਹਾਂ ਸਵਾ ਸੇਰ!

ਰਾਮੂ : (ਹੱਸਦੇ ਹੋਏ) ਉਸਤਾਦ! ਚਹੇੜਾਂ ? ਉਸਤਾਦ ਹੁਣ ਸੇਰਾਂ ਦਾ ਜ਼ਮਾਨਾ ਨਹੀਂ ਰਿਹਾ! ਕੌਣ ਜਾਣਦਾ ਹੈ ਸੇਰਾਂ ਨੂੰ ਹੁਣ ਤਾਂ ਕਹੋ ਕਿੱਲੋ ਤੇ ਸਵਾ ਕਿੱਲੋ! ਇੱਥੇ ਹੀ ਤਾਂ ਤੁਸੀਂ ਪੁਰਾਣੀ ਪੀੜ੍ਹੀ ਵਾਲੇ ਹਾਰਦੇ ਹੋ ਸਾਡੀ ਨਵੀਂ ਪੀੜ੍ਹੀ ਕੋਲੋਂ!

ਮਹੇਸ਼ : ਮੇਹਰਬਾਨੋ... ਕਦਰਦਾਨੋ । ਸੁਣੋ... ਸੁਣੋ... ਸੁਣੋ...ਆ ਗਿਆ ਕਿਹੋ ਜਿਹਾ ਜ਼ਮਾਨਾ... ਨਵੀਂ ਪੀੜ੍ਹੀ ਕਿੰਨੀ ਬਣਦੀ ਹੈ ਚਤੁਰ! ਸਾਡੀਆਂ ਸਹੀ, ਵੇਖੀਆਂ, ਪਰਖੀਆਂ ਅਤੇ ਅੱਜ ਦੇ ਸੰਦਰਭ ਵਿੱਚ ਵੀ ਸੋਲਾ ਆਨੇ ਸੱਚ ਕੱਢੇ ਅਨੁਭਵੀ ਤੱਥਾਂ ਤੋਂ ਵੀ ਹੋ ਰਹੀ ਹੈ ਮੁਨਕਰ !

ਰਾਮੂ : (ਹੱਸਦੇ ਹੋਏ) ਉਸਤਾਦ! ਫਿਰ ਉਹੀ ਗਲਤੀ! ਪੁਰਾਣੀ ਪੀੜ੍ਹੀ ਇਹ ਤਾਂ ਸਿੱਖ ਲਵੇ ਕਿ ਹੁਣ ਆਨਿਆਂ ਨੂੰ ਕੋਈ ਨਹੀਂ ਜਾਣਦਾ, ਕਿਸੇ ਨੇ ਨਹੀਂ ਵੇਖੇ, ਹੁਣ ਤਾਂ ਪੈਸੇ ਵੀ ਨਹੀਂ ਵੇਖੇ ਉਹ ਵੀ ਬਦਲ ਗਏ! ਜੇ ਕਹਿ ਦਿੰਦੇ ਕਿ ਆਪ ਦੀ ਗੱਲ ਸੌ ਪੈਸੇ ਸੱਚ ਹੈ ਤਾਂ ਘੱਟੋ ਘੱਟ ਸਮਝ ਤਾਂ ਆ ਜਾਂਦਾ ਤੁਹਾਡਾ ਕਿਹਾ, ਨਵੀਂ ਪੀੜ੍ਹੀ ਦੇ ਉਨ੍ਹਾਂ ਨੂੰ ਜੋ ਤਿਆਰ ਨੇ ਸਮਝਣ ਨੂੰ ! ਬਦਲ ਵੀ ਲਿਆ ਕਰੋ ਆਪਣੇ ਪਿਟਾਰੇ ਦਾ ਸਮਾਨ ਤੇ ਲੈ ਵੀ ਆਇਆ ਕਰੋ ਕੋਈ ਨਵੇਂ ਟਰਿੱਕ ਵੀ, ਹੋਣ ਜੋ ਸਮੇ ਦੇ ਹਾਣ ਦੇ!

ਮਹੇਸ਼ : ਵਾਹ ਜਮੂਰੇ ਵਾਹ! ਚਲ ਸੁਣ ਹੀ ਲੈ ਮੇਰੇ ਮਨ ਦੀ ਦੁਬਿਧਾ ਦੀ ਕਹਾਣੀ ! ਇੱਕ ਸਮੱਸਿਆ ਜਿਹੜੀ ਪੈਦਾ ਕੀਤੀ ਹੈ ਤੁਹਾਡੀ ਇਸ ਕਿਲੋਆਂ ਤੇ ਪੈਸਿਆਂ ਵਾਲੀ ਪੀੜ੍ਹੀ ਨੇ ਹੀ! ਪਿਟਾਰੇ ਦਾ ਸਮਾਨ ਬਦਲਕੇ ਨਵੇਂ ਟਰਿਕਾਂ ਬਾਬਤ ਕਹਿੰਦੇ ਕਹਿੰਦੇ ਤੁਸੀਂ ਤਾਂ ਜਾਦੂ ਦਾ ਸਾਰਾ ਸਮਾਨ ਹੀ ਮੁਕਾ ਛੱਡਿਆ! ਰਹਿੰਦ ਖੂਹੰਦ ਨੂੰ ਵੀ ਖਤਰੇ ਵਿੱਚ ਪਾ ਦਿੱਤਾ! ਸੁੱਟ ਦਿੱਤਾ ਸੱਭ ਕੁੱਝ ਬੇਲੋੜਾ ਕਹਿ ਕੇ!

ਰਾਮੂ : ਵੇਖੋ ਉਸਤਾਦ! ਚਿੰਤਾ ਤਾਂ ਮੈਨੂੰ ਵੀ ਹੈ ਇੱਕ ! ਮੇਰਾ ਜਾਦੂ ਦਾ ਆਹ ਪਿਟਾਰਾ... ਨਵਾਂ ਨਵੇਕਲਾ, ਭਰਿਆ ਨਵੇਂ ਸਾਜੋ ਸਾਮਾਨ ਦੇ ਨਾਲ ! ਬਦਲ ਗਈਆਂ ਨੇ ਪੁਰਾਣੀਆਂ ਬਾਤਾਂ ਹੁਣ!

ਮਹੇਸ਼ : (ਹੱਸਦੇ ਹੋਏ) ਅੱਛਾ ਹੁਣ ਤੂੰ ਖੋਲ੍ਹਣਾ ਚਾਹੁੰਦਾ ਹੈਂ ਆਪਣਾ ਪਿਟਾਰਾ ਵੀ! ਚਲੋ! ਬਹੁਤ ਅੱਛਾ! ਦਰਸ਼ਕ ਵੀ ਚਾਹੁਣਗੇ ਵੇਖਣਾ ਤੇਰੇ ਜਾਦੂ ਨੂੰ! ਬੱਸ ਇਹ ਦੱਸ ਪਹਿਲਾਂ ਕੌਣ... ਤੂੰ ਜਾਂ ਮੈਂ...

ਰਾਮੂ : ਬਾਸ, ਇਸਦਾ ਫੈਸਲਾ ਆਪਾਂ ਦਰਸ਼ਕਾਂ ‘ਤੇ ਛੱਡਦੇ ਹਾਂ! ਦੋਵੇਂ ਪੀੜ੍ਹੀਆਂ ਖੜ੍ਹੀਆਂ ਨੇ ਇੱਥੇ! (ਹੱਸਦੇ ਹੋਏ)

**## ਭੀੜ ਦਾ ਸਮੂਹਿਕ ਸੁਰ... ਪਹਿਲਾਂ ਜਮੂਰਾ ##**

ਮਹੇਸ਼ : ਠੀਕ ਹੈ! ਜਨਤਾ ਦਾ ਫੈਸਲਾ ਸਿਰ ਮੱਥੇ! ਆਓ ਹੁਣ ਮੇਰੇ ਉਸਤਾਦ, ਤੁਹਾਡਾ ਸਵਾਗਤ ਹੈ! ਆ ਜਾਓ ਹੁਣ ਇਸ ਸਥਾਨ ’ਤੇ, ਆ ਜਾਓ ! ਹੁਣ ਤੁਸੀਂ ਉਸਤਾਦ ਤੇ ਮੈਂ ਬਣੂੰਗਾ ਜਮੂਰਾ!

## ਧੁਨੀ ਪ੍ਰਭਾਵ-ਡਮਰੂ ##

**ਰਾਮੂ** : (ਹੱਸਦੇ ਹੋਏ) ਉਸਤਾਦ ਅੱਜ ਤੁਸੀਂ ਆਪਣੇ ਆਪ ਨੂੰ ਸੱਚ ਮੁੱਚ ਮੰਨਣਾ ਹੈ ਜਮੂਰਾ! ਕਿਤੇ ਪੁਰਾਣੀ ਨਵੀਂ ਪੀੜ੍ਹੀ ਦੇ ਚੱਕਰ ਵਿੱਚ ਜਮੂਰਾ ਬਣ ਕੇ ਵੀ ਨਾ ਬਣੇ ਰਹੀਓ ਉਸਤਾਦ ! ਫਿਰ ਤਾਂ ਵਿਗੜ ਜਾਵੇਗਾ ਸਾਰਾ ਹੀ ਖੇਡ!

**ਮਹੇਸ਼** : ਬਿਲਕੁਲ ਸਹੀ ਫੁਰਮਾਇਆ ਮੇਰੇ ਮਾਲਿਕ! ਜਮੂਰਾ ਹਾਜ਼ਿਰ ਹੈ। ਮੇਰੇ ਲਈ ਕੀ ਹੈ ਆਦੇਸ਼?

## ਧੁਨੀ ਪ੍ਰਭਾਵ-ਢੋਲ/ਡਮਰੂ ##

**ਰਾਮੂ** : ਮੇਹਰਬਾਨੋ...... ਕਦਰਦਾਨੋ...... ਮੈਂ ਵਿਖਾਵਾਂਗਾ ਤੁਹਾਡੇ ਸਾਹਮਣੇ ਅਦਭੁੱਤ ਕਿਸਮ ਦਾ ਜਾਦੂ! ਘੱਡ ਕੇ ਰੱਖਣੀਆਂ ਨਜ਼ਰਾਂ ਮੇਰੇ 'ਤੇ!

**ਮਹੇਸ਼** : ਮਾਲਕ! ਇਹ ਸਭ ਲੋਕ ਕਾਇਲ ਨੇ ਤੁਹਾਡੀਆਂ ਚਿਕਨੀਆਂ ਚੋਪੜੀਆਂ ਤੋਂ... ਫਿਕਰ ਨਾ ਕਰੋ! ਇਹ ਜਨ ਸਧਾਰਨ, ਧਨੀ ਨੇ ਕਹਿਣੀ ਤੇ ਕਥਨੀ ਦੇ ! ਕੱਢੋ ਕੀ ਹੈ ਤੁਹਾਡੇ ਨਵੇਂ ਨਵੇਕਲੇ ਪਿਟਾਰੇ ਵਿਚ? ਜਲਦੀ ਕਰੋ!

**ਰਾਮੂ** : ਵੇਖ ਜਮੂਰੇ ......! ਜਮੂਰਾ ਬਣ ਕੇ ਰਹਿ ... ਉਸਤਾਦ ਬਣਨ ਦੀ ਕੋਸ਼ਿਸ਼ ਨਾ ਕਰ!

**ਮਹੇਸ਼** : ਮੇਰੇ ਮਾਲਿਕ... ਗੁੱਸੇ ਨਾ ਹੋਵੋ! ਤੁਹਾਡੀਆਂ ਗੱਲਾਂ ਗੱਲਾਂ ਵਿੱਚ ਹੀ ਇਨ੍ਹਾਂ ਦੀਆਂ ਤਾਂ ਪੱਕ ਗਈਆਂ ਅੱਖਾਂ ਉਡੀਕ ਵਿੱਚ ਹੀ !

**ਰਾਮੂ** : (ਹੱਸਦਾ ਹੈ) ਅੱਛਾ! ਅੱਛਾ! ਹੁਣ ਹੋਰ ਉਡੀਕ ਨਹੀਂ। (ਡੁਗਡੁਗੀ ਦੀ ਤਾਲ)! ਵੇਖੋ ਮੇਰਾ ਝੋਲਾ!

**ਮਹੇਸ਼** : ਮਾਲਕ! ਜੇ ਆਗਿਆ ਹੋਵੇ ਤਾਂ ਕੁਝ ਕਹਾਂ!

**ਰਾਮੂ** : ਵੇਖ ਮੁੜ ਉਸਤਾਦ ਬਣ ਰਿਹਾ ਹੈਂ! (ਹੱਸਦਾ ਹੈ) ਅੱਛਾ! ਅੱਛਾ! ਚਲ ਕਹਿ ਲੈ ਆਪਣੇ ਮਨ ਦੀ ਗੱਲ ਤੂੰ ਵੀ ਜਮੂਰੇ! ਕੀ ਯਾਦ ਰੱਖੇਂਗਾ ਨਵੇਂ ਉਸਤਾਦ ਨੂੰ ਤੂੰ ਵੀ!

**ਮਹੇਸ਼** : ਮਾਲਕ! ਇਹ ਝੋਲਾ ਕੁੱਝ ਜਿਆਦਾ ਹੀ ਭਰਿਆ ਲੱਗਦਾ ਹੈ! ਐਨਾ ਵਜਨ ਕਿਵੇਂ ਸਹਾਰੇਗਾ ? ਕੀ ਪਾਇਆ ਹੈ ਇਸ ਵਿੱਚ!

**ਰਾਮੂ** : ਪਾਉਣਾ ਕੀ ਸੀ? ਬੱਸ ਲੋੜ ਦਾ ਸਾਮਾਨ, ਹਰੇਕ ਜਾਦੂ ਦੇ ਖੇਡ ਦਾ ਸਮਾਨ ਨਵਾਂ ਪਾਇਆ ਹੈ, ਸੁਹਣਾ ਤੇ ਰੰਗ ਬਰੰਗਾ! ਆਹ ਵੇਖ ਮੈਂ ਤਾਂ ਡੁਗਡੁਗੀ ਵੀ ਨਵੀਂ ਲੈ ਲਈ!

**ਮਹੇਸ਼** : ਉਸਤਾਦ ਜੀ! ਫਰ ਇਹ ਐਨਾ ਕਿਵੇਂ ਭਰ ਗਿਆ! ਕੀ ਹੈ ਰਾਜ ਇਸ ਫੁੱਲੇ ਪਏ ਝੋਲੇ ਦਾ!

**ਰਾਮੂ** : ਵੇਖ ਜਮੂਰੇ ! ਅਸੀਂ ਇਸ ਵਿੱਚ ਹਰ ਚੀਜ ਦੇ ਦੋ ਦੋ ਨਗ ਪਾਏ ਨੇ ਤਾਕਿ ਇੱਕ ਖਰਾਬ ਹੋ ਜਾਵੇ ਜਾਂ ਡਿੱਗ ਪਵੇ ਤਾਂ ਦੂਜਾ ਵਰਤ ਲਈਏ! ਖੇਡ ਨਾ ਰੁਕੇ!

**ਮਹੇਸ਼** : ਉਸਤਾਦ ਜੀ! ਕਦੀ ਅਜਿਹਾ ਹੋਇਆ ਤਾਂ ਹੈ ਨਹੀਂ! ਹੁਣ ਕਿਹੜੇ ਖਿਆਲੀ ਭਾਣੇ ਦੇ ਵਰਤਨ ਦੇ ਡਰੋਂ ਤੁਸੀਂ ਖ਼੍ਰੀਦ ਲਿਆ ਦੁੱਗਣਾ ਸਮਾਨ ਤੇ ਠੂਸ ਦਿੱਤਾ ਝੋਲੇ ਦੇ ਵਿੱਚ !

**ਰਾਮੂ** : ਤੁਹਾਨੂੰ ਤਾਂ ਐਵੇਂ ਸੱਭ ਕੁੱਝ ਹੀ ਫਾਲਤੂ ਲੱਗਦਾ ਰਹਿੰਦਾ ਹੈ ! ਆਹ ਵੇਖੋ ਕਿੰਨਾ ਸੁੰਦਰ ਹੈ ਸਮਾਨ! ਵੇਖ-ਵੇਖ ਭੁੱਖ ਲਹਿੰਦੀ ਹੈ!

**ਮਹੇਸ਼** : ਮਾਲਕ! ਗੁਸਤਾਖੀ ਮੁਆਫ ਆਹ ਦੋ ਡੁਗਡੁਗੀਆਂ ਲੈਣ ਦੀ ਕੀ ਲੋੜ ਸੀ! ਝੇ ਲੈਣੀ ਹੀ ਸੀ ਤਾਂ ਇੱਕ ਲੈ ਲੈਂਦੇ, ਇੱਕ ਪੁਰਾਣੀ ਤਾਂ ਹੈ ਹੀ ਸੀ!

**ਰਾਮੂ** : (ਜੋਰ ਜੋਰ ਦੀ ਹੱਸਦਾ ਹੋਇਆ)! ਪੁਰਾਣੀ! ਕਿਉਂ ਵਰਤੀਏ ਪੁਰਾਣੀ ? ਨਵੇਂ ਯੁਗ ਦੀਆਂ ਨਵੀਆਂ ਕਹਾਣੀਆਂ! ਨਾਲੇ ਪੁਰਾਣੀ ਡੁਗਡੁਗੀ ਤਾਂ ਬੁਰੀ ਤਰ੍ਹਾਂ ਨਾਲ ਘਸੀ ਪਈ ਹੈ ਘਸੀ ਹੋਈ ਡੁਗਡੁਗੀ ਫਟ ਜਾਂਦੀ ਤਾਂ ਕੀ ਕਰਦੇ?

**ਮਹੇਸ਼** : ਮਾਲਕ! ਗੁੱਸਾ ਨਾ ਕਰਿਓ! ਜੇ ਉਹ ਫਟ ਵੀ ਜਾਂਦੀ ਤਾਂ ਮੁਰੰਮਤ ਹੋ ਕੇ ਤਾਂ ਨਵੀਂ ਵਰਗੀ ਬਣ ਜਾਂਦੀ! ਨਾਲੇ ਸਮਾਨ ਬਚਦਾ, ਆਪਣੇ ਪੈਸੇ ਬੱਚਦੇ, ਕਿਸੇ ਗਰੀਬ ਦਾ ਮੁਰੰਮਤ ਕਰਨ ਵਾਲੇ ਦਾ ਪੇਟ ਪਲਦਾ!

**ਰਾਮੂ** : ਬੱਸ ਤੁਹਾਡੀ ਪੀੜ੍ਹੀ ਦੀ ਇਹੀ ਤਾਂ ਸਮੱਸਿਆ ਹੈ! ਕੁਝ ਨਵਾਂ ਤਾਂ ਜਰਦੇ ਹੀ ਨਹੀਂ!

**ਮਹੇਸ਼** : ਚਲੋ ਚੰਗਾ! ਤੁਸੀਂ 'ਵਰਤੋ ਤੇ ਸੁੱਟੋ' ਵਿੱਚ ਹੀ ਲੱਗੇ ਰਹਿਣਾ ਹੈ! ਨਤੀਜੇ ਭੁਗਤਣ ਵੇਲੇ ਆਵੇਗੀ ਨਾਨੀ ਯਾਦ! ਕਰੋ ਆਪਣਾ ਖੇਡ ਸੁਰੂ! ਲੋਕ ਥੱਕ ਗਏ ਨੇ! ਕਿਤੇ ਖਿਸਕਣ ਹੀ ਨਾ ਜਾਣ!

**ਰਾਮੂ** : ਕਦਰਦਾਨੋ...... ਮੇਹਰਬਾਨੋ...... ਲਓ ਖੇਡਾ ਸੁਰੂ ! ਵੇਖੋ ਜਰਾ ਇਸ ਥੈਲੇ ਵੱਲ ! ਇਹ ਥੈਲਾ ਸਾਬਤ ਸੂਰਤ ਹੈ... ਵੇਖੋ... ਵੇਖੋ... ਚੰਗੀ ਤਰ੍ਹਾਂ ਵੇਖੋ। ਕੋਈ ਤੁਹਾਡੇ ਵਿਚੋਂ ਵੇਖਣਾ ਚਾਹੇਗਾ? ਤੁਸੀਂ...? ਅੱਛਾ ਤੁਸੀਂ... ਅੱਗੇ ਆਓ।

**ਮਹੇਸ਼** : ਮੈਨੂੰ ਸ਼ੱਕ ਹੈ... ਮੇਰੇ ਮਾਲਕ। ਇਸ ਦੇ ਥੱਲੇ ਵਿੱਚ ਤਾਂ ਮੋਰੀ ਹੈ ਤੇ ਆਲੇ ਦੁਆਲੇ ਤੋਂ ਇਹ ਬੋਦਾ ਹੋ ਹੋ ਕੇ ਪਤਲਾ ਪੈ ਗਿਆ ਹੈ! ਮੋਰੀ ਤਾਂ ਹੋਰ ਵੱਡੀ ਵੀ ਹੋਣ ਵਾਲੀ ਹੈ !

**(ਇਕ ਸੁਰ ਵਿਚ) ਹਾਂ! ਹਾਂ! ਇਸ ਦੇ ਅੰਦਰ ਮੋਰੀ ਹੈ!**

**ਰਾਮੂ** : (ਹੱਸਦਾ ਹੈ) ਇਹ ਤਾਂ ਸਭ ਤੁਹਾਡਾ ਭਰਮ ਹੈ! ਕਿੱਥੇ ਹੈ ਮੋਰੀ ? ਮੈਨੂੰ ਤਾਂ ਨਜਰ ਨਹੀਂ ਆਉਂਦੀ! ਐਵੇਂ ਆਹ ਜਮੂਰਾ ਬਣਿਆ ਮੇਰਾ ਉਸਤਾਦ ਗੁਮਰਾਹ ਕਰਨ ਡਿਆ ਵਾ ਤੁਹਾਨੂੰ ! ਇਹ ਝੋਲਾ ਤਾਂ ਹੈ ਨਵਾ ਨਕੋਰ ਤੇ ਮਜਬੂਤ !

**# ਧੁਨੀ ਪ੍ਰਭਾਵ... ਚਾਰੇ ਪਾਸੇ ਚੱਕਰ ਲਾ ਕੇ ਡੁਗਡੁਗੀ ਵਜਾਉਣਾ #**

**ਮਹੇਸ਼** : ਹਜ਼ੂਰ! ਲੋਕਾਈ ਸਭ ਜਾਣਦੀ ਹੈ। ਇਹ ਸਭ ਸਿਆਣੇ ਨੇ! ਸਭ ਕੁਝ ਵੇਖ ਰਹੇ ਨੇ! ਤੁਹਾਡਾ ਗੱਪਸਤਾਨ ਕੋਈ ਨਹੀਂ ਸੁਣਨ ਲੱਗਿਆ! ਉਹ ਤਾਂ ਇਥੇ ਸਾਡੇ ਹੱਥਾਂ ਦੀ ਸਫਾਈ ਨਾਲ ਕੀਤੇ ਜਾਣ ਵਾਲੇ ਆਪਣੇ ਕਾਰਨਾਮੇ ਅਤੇ ਕਲਾ ਨੂੰ ਵੇਖਣ ਲਈ ਆਏ ਨੇ!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

(ਰਾਮੂ ਡੁਗਡੁਗੀ ਵਜਾਉਂਦਾ ਹੈ ਤੇ ਦਰਸ਼ਕਾਂ ਨੂੰ ਝੋਲਾ ਮੁੜ ਵਿਖਾਉਣ ਲੱਗਦਾ ਹੈ, ਝੋਲੇ ਵਿੱਚੋਂ ਸਮਾਨ ਬਾਹਰ ਝਾਕਣ ਲੱਗਦਾ ਹੈ!)

**ਮਹੇਸ਼** : ਹਾਂ ਉਸਤਾਦ! ਥੁਹਾਡਾ ਕਹਿਣਾ ਵੀ ਸਹੀ ਹੈ! ਪਰ ਝੂਠ ਤਾਂ ਅਸੀਂ ਵੀ ਨਹੀਂ ਬੋਲਦੇ!

ਝੂਠ ਛੁਪ ਨਹੀਂ ਸਕਦਾ ਡੱਗਾ ਲਗਾਣੇ ਸੇ,

ਸੱਚ ਬਾਹਰ ਆਉਣੋਂ ਰੁੱਕ ਨਹੀਂ ਸਕਦਾ ਰੋਅਬ ਜਮਾਣੇ ਸੇ!

ਆਪਣੇ ਝੋਲੇ ਦਾ ਹਾਲ ਖੁਦ ਹੀ ਵੇਖ ਲਵੋ !

**ਰਾਮੂ** : (ਹੈਰਾਨੀ ਨਾਲ)! ਹੈਂ ਆਹ ਬੰਸਰੀ ਝੋਲੇ ਵਿੱਚੋਂ ਬਾਹਰ ਨੂੰ ਕਿਉਂ ਆ ਰਹੀ ਹੈ! ਆਹ ਡੱਬਾ ਜਿਹਾ ਵੀ ਲੱਗਦਾ ਹੈ ਵਿੱਚੋਂ ਵਿੱਚੋਂ ਨਜਰ ਆਉਣ ਲੱਗਿਆ ਹੈ! ਇਹ ਕੀ?

**ਮਹੇਸ਼** : ਹਾਂ ਉਸਤਾਦ! ਝੋਲਾ ਤੁਮਹਾਰਾ ਫਟਾ ਹੈ, ਮੈਨੇ ਕਹਾ ਜੀ ਕੈਸੇ?

**ਰਾਮੂ** : ਗਲਤੀ ਹਮਾਰੀ ਕੀ ਸਜਾ ਹੈ ਯੇਹ, ਮੈਨੇ ਕਹਾ ਜੀ ਐਸੇ!

**ਸਾਰੇ ਦਰਸ਼ਕ** : ਅਣਗਹਿਲੀ ਤੁਮਹਾਰੀ ਕੀ ਸਜਾ ਹੈ ਯੇਹ ਹਮਨੇ ਕਹਾ ਜੀ ਐਸੇ!

**ਮਹੇਸ਼** : ਫਾਲਤੂ ਸਮਾਨ ਠੂਸ ਕੇ ਬੇਲੋੜਾ ਬੋਝ ਪਾਉਣ ਤੇ, ਮੈਨੇ ਕਹਾ ਜੀ ਐਸੇ!

**ਰਾਮੂ** : ਵਰਤੋ ਸੁੱਟੋ ਵਾਲੀ ਸ਼ੈਲੀ ਹਮਾਰੀ, ਉਸੀ ਕੀ ਸਜਾ ਹਮ ਨੇ ਪਾ ਲੀ, ਮੈਨੇ ਕਹਾ ਜੀ ਐਸੇ!

**ਸਾਰੇ ਦਰਸ਼ਕ** : ਝੋਲਾ ਹੋ ਗਿਆ ਬੋਦਾ, ਮੋਰੀ ਹੋ ਗਈ ਵੱਡੀ, ਚੁਭਦੀਆਂ ਚੀਜਾਂ ਮਾਰਨ ਸੱਟਾਂ ਫੇਟਾਂ, ਕਰਦੀਆਂ ਨੇ ਸੰਕਰਮਨ, ਗਲਤੀ ਆਪਕੀ, ਭੁਗਤ ਰਹੇ ਹੈਂ ਹਮ ਭੀ, ਹਮਨੇ ਪਾਇਆ ਐਸੇ!

**ਰਾਮੂ** : ਵਰਤੋ ਸੁੱਟੋ ਵਾਲੀ ਸ਼ੈਲੀ ਨੇ ਕਰ ਦਿੱਤਾ ਮੇਰਾ ਖੇਲ ਬਰਬਾਦ, ਗਲਤੀ ਮੇਰੀ ਰੋਣਾ ਮੇਰਾ, ਖਿਲਰ ਗਏ ਸਭ ਖੁਆਬ! ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗਿਆ ਖੇਤ!

**ਮਹੇਸ਼** : ਅਜੇ ਵੀ ਡੁਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ ਉਸਤਾਦ ! ਸਿਆਣੇ ਕਹਿੰਦੇ ਨੇ ਵਖਤ ਵਿਚਾਰੇ ਸੋ ਬੰਦਾ ਹੋਏ! ਉਸਤਾਦ ਸਮਝ ਜਾਓ ਅਜੇ ਵੀ! ਬੇਲੋੜੇ ਸਮਾਨ ਨੂੰ ਦਿਓ ਸੁੱਟ, ਝੋਲੇ ਵਿੱਚ ਪਏ ਮਘੋਰੇ ਦੇ ਅਸਰਾਂ ਨੂੰ ਕਰੋ ਠੁੱਸ!

**ਰਾਮੂ** : ਕੀ ਕਰਨਾ ਸੀ ਮੈਂ ਐਨਾ ਪਲਾਣਾ, ਜਾਦੂ ਤਾਂ ਮੇਰਾ ਵਧੀਆ ਹੀ ਸੀ ਹੋ ਜਾਣਾ, ਜੇ ਮੈਂ ਵਰਤ ਵੀ ਲੈਂਦਾ ਸਮਾਨ ਪੁਰਾਣਾ!

**## ਡਮਰੂ ਦਾ ਪ੍ਰਭਾਵ ##**

**ਮਹੇਸ਼** : ਵੇਖ ਉਸਤਾਦ! ਮੇਰੇ ਪਾਸ ਤਾਂ ਇਹੀ ਹੈ ਕਸ਼ਟਦਾਇਕ ਹਕੀਕਤ! ਜਿਸਨੇ ਕਰ ਰੱਖਿਆ ਹੈ ਮੈਨੂੰ ਐਨਾ ਭੈ-ਭੀਤ! ਖਰ ਰਿਹਾ ਹਾਂ ਉਸ ਦਿਨ ਦਾ ਇੰਤਜ਼ਾਰ, ਜਦੋਂ ਤੁਸੀਂ ਵੀ ਪਹਿਚਾਣ ਲਵੋਗੇ, ਜਾਣ ਲਵੋਗੇ, ਇਸ ਹਕੀਕਤ ਨੂੰ !

**ਰਾਮੂ** : ਪਰ ਇਸ ਵਿੱਚ ਕੀ ਹੈ ਰਾਜ ਅਜੇ ਤੱਕ ਤਾਂ ਸਮਝ ਨਾ ਆਇਆ, ਉਸਤਾਦ ਕਰ ਗਏ ਉਸਤਾਦੀ ਪੱਲੇ ਕੁੱਝ ਨਾ ਪਾਇਆ!

**ਮਹੇਸ਼** : ਵੇਖ ਲਿਆ ਸਾਡੇ ਕਦਰਦਾਨਾਂ ਨੇ, ਮੇਹਰਬਾਨਾਂ ਨੇ! ਬਹੁਤਿਆਂ ਲਈ ਤਾਂ ਇਸ਼ਾਰਾ ਹੀ ਕਾਫੀ ਹੁੰਦਾ ਵਾ ਪਰ ਸਾਡੇ ਇਸ ਉਸਤਾਦ ਬਣੇ ਜਮੂਰੇ ਨੂੰ ਸ਼ਾਇਦ ਅਜੇ ਕੁੱਝ ਪੱਲੇ ਹੀ ਨਹੀਂ ਪਿਆ ਲੱਗਦਾ! ਹੋਈ ਨਾ ਉਹ ਗੱਲ , "ਮੂਰਖ ਨੂੰ ਕੀ ਪੰਧ ਨਸੀਹਤ, ਪੱਥਰ ਨੂੰ ਕੀ ਪਾਲਾ, ਸੌ ਸਾਬੁਨ ਕੋਲੇ ਨੂੰ ਲਾਈਏ, ਅੰਤ ਕਾਲੇ ਦਾ ਕਾਲਾ!

**ਦਰਸ਼ਕ ਤਾੜੀਆਂ ਮਾਰਦੇ ਹਨ ਤੇ ਜਮੂਰੇ ਦਾ ਮੂੰਹ ਲਟਕ ਜਾਂਦਾ ਹੈ**

**ਰਾਮੂ** : ਉਸਤਾਦ ਜੀ ਮੈਂ ਅਜੇ ਨਾਦਾਨ ਹਾਂ ਕ੍ਰਿਪਾ ਕਰਕੇ ਆਪਣੀ ਬੁਝਾਰਤ ਸਰਲ ਕਰਕੇ ਸਮਝਾਓ! ਹੋ ਸਕਦਾ ਹੈ ਸਾਰੇ ਤਾਂ ਦਰਸ਼ਕ ਵੀ ਨਾ ਸਮਝੇ ਹੋਣ! ਤਾੜੀਆਂ......

**## ਧੁਨੀ ਪ੍ਰਭਾਵ ##**

**ਮਹੇਸ਼** : ਅੱਛਾ ਲੈ ਸੁਣ! ਜੋ ਮੈਂ ਕਹਿ ਰਿਹਾ ਹਾਂ, ਉਹ ਹੈ ਇਕ ਸਚਾਈ ! ਆਹ ਜੋ ਸੋਹਣਾ ਮਨਮੋਹਣਾ ਆਸਮਾਨ, ਠੰਢੀ-ਠੰਢੀ ਪੌਣ, ਹਰੇ-ਕੰਚਾਰ ਰੁੱਖ, ਰੰਗ-ਬਰੰਗੇ ਫੁੱਲ, ਆਸਮਾਨ ਵਿਚ ਉਡਦੇ ਪੰਛੀ ਅਤੇ ਭਾਂਤ-ਭਾਂਤ ਦੇ ਲੋਕ...। ਪਤਾ ਹੈ ਇਹ ਕਿਉਂ ਹੈ, ਕਿਸ ਦੇ ਲਈ ਹੈ ਅਤੇ ਕਿਵੇਂ ਚਲਦਾ ਹੈ ਇਸ ਦਾ ਵਿਧੀ ਵਿਧਾਨ? ਕੀ ਕਦੀ ਸੋਚਿਆ ਵਾ?

**ਨਰੇਸ਼** : (ਦਰਸ਼ਕਾਂ ਦੀ ਭੀੜ ਵਿਚੋਂ) ਬਹੁਤ ਖੂਬ! ਨੀਲਾ ਨੀਲਾ ਸੁੰਦਰ ਅੰਬਰ - ਮੱਘਦਾ ਸੂਰਜ, ਰਾਤਾਂ ਨੂੰ ਟਿਮਟਿਮਾਉਂਦੇ ਤਾਰੇ, ਪੇੜ-ਪੌਦੇ ਤੇ ਜੀਵ-ਜੰਤੂ, ਕਲ-ਕਲ ਵਹਿੰਦਾ ਪਾਣੀ! ਇਹੀ ਤਾਂ ਹੈ ਕੁਦਰਤ ਦਾ ਸੁੰਦਰ ਨਜ਼ਾਰਾ! ਇਸ ਦੀ ਸਰਵੋਤਮ ਰਚਨਾ ... ਪਰ...

**ਮਹੇਸ਼** : ਇਸ ਨੌਜਵਾਨ ਦੇ ਲਈ ਤਾੜੀਆਂ...

(ਸਾਰੇ ਤਾੜੀਆਂ ਮਾਰਦੇ ਹਨ)

**## ਤਾੜੀਆਂ ਦਾ ਧੁਨੀ ਪ੍ਰਭਾਵ ##**

**ਮਹੇਸ਼** : ਵਾਹ ਬਈ ਵਾਹ! ਕਮਾਲ! ਕੀ ਨਾਮ ਹੈ ਤੇਰਾ ਜੁਆਨ? ਦਸੇਂਗਾ ਜਰਾ ?

**ਰਾਮੂ** : ਬਾਸ... ਇਹ ਤਾਂ ਪੜ੍ਹੇ-ਲਿਖੇ ਤੇ ਸਮਝਦਾਰ ਲੱਗਦੇ ਨੇ! ਕਾਸ਼ ਸਾਰਿਆਂ ਨੂੰ ਹੀ ਅਜਿਹੀ ਚੰਗੀ ਪੜ੍ਹਾਈ ਦਾ ਮੌਕਾ ਮਿਲਦਾ!

**ਮਹੇਸ਼** : ਜਮੂਰੇ! ਕੀ ਕਿਹਾ! ਮੁੜ ਸ਼ਰਾਰਤ? ਕੀ ਤੂੰ ਕਹਿਣਾ ਚਾਹੁੰਦਾ ਹੈਂ ਕਿ ਪੜ੍ਹੇ ਲਿਖੇ ਦਾ ਸਮਝਦਾਰ ਹੋਣਾ ਵੀ ਜਰੂਰੀ ਹੈ! ਯਾਣੀ ਸਾਰੇ ਪੜ੍ਹੇ ਲਿਖੇ ਜਰੂਰੀ ਨਹੀਂ ਕਿ ਸਮਝਦਾਰ ਵੀ ਹੋਣ!

**ਰਾਮੂ** : ਉਸਤਾਦ ਜੀ! ਬੁਰਾ ਨਾ ਮੰਨਣਾ! ਅਸੀਂ ਹਰ ਰੋਜ ਹੀ ਤਾਂ ਕਿੰਨੇ ਪੜ੍ਹੇ ਤੇ ਅਨਪੜ੍ਹਾਂ ਦੀਆਂ ਬਾਤਾਂ ਸੁਣਦੇ ਤੇ ਉਨ੍ਹਾਂ ਦਾ ਵਰਤਾਓ ਵੇਖਦੇ ਹਾਂ!

**ਨਰੇਸ਼** : ਹਾਂ ਮਹੇਸ਼! ਰਾਮੂ ਸਹੀ ਕਹਿ ਰਿਹਾ ਹੈ। ਸਿੱਖਿਆ ਦਾ ਦਾਇਰਾ ਬਹੁਤ ਵੱਡਾ ਹੈ! ਪਰ ਪੜ੍ਹਾਈ ਦਾ ਮੌਕਾ ਨਾ ਮਿਲਣ ਦੇ ਬਾਵਜੂਦ, ਤੁਸੀਂ ਲੋਗ ਆਪਣੀ ਕਲਾ ਦੇ ਜੌਹਰ ਵਿਖਾਉਂਦੇ ਹੋਏ ਸਮਾਜ ਵਿਚ ਸਹੀ ਸੰਦੇਸ਼ ਦੇ ਕੇ, ਬਹੁਤ ਵੱਡਾ ਕੰਮ ਕਰ ਸਕਦੇ ਹੋ ਤੇ ਆਪਣੇ ਅਨੇਕਾਂ ਦਰਸ਼ਕਾਂ ਨੂੰ ਸਮਝਦਾਰ ਬਣਾ ਸਕਦੇ ਹੋ !

**ਮਹੇਸ਼** : ਹਾਂ ਬਾਬੂ! ਸਾਡੇ ਜਾਦੂ ਦੇ ਖੇਡਾਂ ਦੇ ਵੀ ਕੁਝ ਭਾਗ, ਇਸ ਤਰ੍ਹਾਂ ਦੇ ਸੰਦੇਸ਼ਾਂ ’ਤੇ ਕੇਂਦਰਿਤ ਹੁੰਦੇ ਹਨ। ਅਸੀਂ ਵੀ ਇਸੇ ਕੋਸ਼ਿਸ਼ ਵਿਚ ਹਾਂ ਕਿ ਸਮਾਜ ਵਿਚ ਸਹੀ ਸੰਦੇਸ਼ ਜਾਵੇ।

**ਰਾਮੂ** : ਮਾਲਕ ਤੁਸੀਂ ਤਾਂ ਮੇਰੇ ਝੋਲੇ ਦੀ ਮੋਰੀ ‘ਤੇ ਹੀ ਗਲਾਂ ਕਰਦੇ ਰਹੇ, ਪਰ ਲੱਗਦਾ ਹੈ ਤੁਹਾਡਾ ਤਾਂ ਉਹ ਹਾਲ ਸੀ ਕਿ ‘ਨਜ਼ਰਾਂ ਕਿਤੇ ਨਿਸ਼ਾਨਾ ਕਿਤੇ’!

**ਨਰੇਸ਼** : ਰਾਮੂ ਤੂੰ ਤਾਂ ਬਈ ਕਲਾਕਾਰ ਵੀ ਹੈਂ ਤੇ ਹੁਸ਼ਿਆਰ ਵੀ! ਰਿਆਜ ਕਰਦਾ ਰਹੀਂ, ਬਹੁਤ ਵੱਡਾ ਜਾਦੂਗਰ ਬਣ ਜਾਵੇਂਗਾ!

**ਮਹੇਸ਼** : (ਧੁਨੀ ਪ੍ਰਭਾਵ)... ਮੇਹਰਬਾਨੋ... ਕਦਰਦਾਨੋ! ਰਾਮੂ ਦਾ ਤਾਂ ਝੋਲਾ ਸੱਚੀ ਮੁੱਚੀ ਛਿੱਦਾ ਹੋ ਗਿਆ ਸੀ ਅਤੇ ਉਸ ਵਿੱਚ ਤਾਂ ਹਕੀਕਤ ਵਿੱਚ ਇੱਕ ਮੋਰੀ ਵੀ ਹੋ ਗਈ ਸੀ ਜੋ ਪੈਦਾ ਕਰਦੀ ਸੀ ਚੁਭਣ! ਸਾਡੇ ਜੀਵਣ ਨੂੰ ਦੁਰਲੱਭ ਬਣਾਉਣ ਵਾਲੀਆਂ ਇਸੇ ਤਰ੍ਹਾਂ ਦੀਆਂ ਘਟਨਾਵਾਂ ਹਰ ਰੋਜ ਵਾਪਰ ਰਹੀਆਂ ਹਨ! ਲਓ ਸੁਣੋ!

ਸਾਰੇ ਇਕ ਸੁਰ ਵਿੱਚ ......ਹਾਂ ਹਾਂ ਸੁਣਾਓ ਕੀ ਹੈ ਕਹਾਣੀ! ਕੀ ਹੈ ਹਕੀਕਤ...!

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਦੂਜਾ......**

**## ਧੁਨੀ ਪ੍ਰਭਾਵ ##**

**ਰਾਮੂ** : ਹੈਂ! ਦੁਰਲੱਭ ਬਣਾ ਰਹੀਆਂ ਨੇ ਜੀਵਣ ਨੂੰ ? ਮੈਨੂੰ ਤਾਂ ਡਰ ਲੱਗਦਾ ਹੈ। ਕੁਝ ਉਲਟਾ-ਪੁਲਟਾ ਨਾ ਹੋ ਜਾਵੇ ਕਿਤੇ!

**ਮਹੇਸ਼** : ਜਮੂਰੇ ਡਰ ਨਾ! ਭਵਿਖੀ ਤਸਵੀਰ ਦੀ ਇਹ ਸਭ ਜਾਣਕਾਰੀ ਸਾਡੀ ਸੁਰੱਖਿਆ ਲਈ ਹੈ ਤੇ ਭਵਿੱਖ ਦਾ ਸਾਹਮਣਾ ਕਰਨ ਵਾਸਤੇ ਸਾਨੂੰ ਤਿਆਰ ਕਰੇਗੀ!

**ਰਾਮੂ** : ਅੱਛਾ ਉਸਤਾਦ! ਇਸ ਭਿਆਨਕ ਭਵਿੱਖ ਤੋਂ ਬਚਣ ਦਾ ਉਪਾਅ ਵੀ ਹੈ ?

**## ਧੁਨੀ ਪ੍ਰਭਾਵ ##**

**ਮਹੇਸ਼** : ਆਬਰਾ... ਦਾ ਡਾਬਰਾ... ਛੂ-ਮੰਤਰ... ਸਿਮ...ਸਿਮ ... ਆ ਜਾ...! ਮੇਰੇ ਮਾਲਿਕ! ਇਕ ਮਿੰਟ ਲਈ ਆਪਣੀਆ ਅੱਖਾਂ ਬੰਦ ਕਰੋਗੇ? ਵੇਖੋ... ਵੇਖੋ... ਕਿਵੇਂ ਵੱਡਾ ਹੋ ਰਿਹਾ ਹੈ ਝੋਲੇ ਦਾ ਛੇਦ!

**ਰਾਮੂ** : ਉਸਤਾਦ! ਆਹ ਤਾਂ ਤਿੱਖੀਆਂ ਤਿਖੀਆਂ ਚੁਭਨ ਵਾਲੀਆਂ ਚੀਜਾਂ ਵੀ ਆ ਰਹੀਆਂ ਨੇ ਇਸ ਛੇਦ ਦੇ ਵਿੱਚੋਂ ਦੀ ...!

**ਮਹੇਸ਼** : ਹਾਂ ਜਮੂਰੇ! ਬੱਸ ਇਹੀ ਹਕੀਕਤ ਹੈ ਜੋ ਵਾਪਰ ਰਹੀ ਹੈ ਆਸਮਾਨ ਵਿੱਚ ਵੀ, ਵਿਖਾਈ ਜਾਵੇਗੀ ਅੱਜ ਦੇ ਖੇਡ ਵਿੱਚ!

**## ਧੁਨੀ ਪ੍ਰਭਾਵ-ਡਮਰੂ ##**

**ਆਬਰਾ ਦਾ ਡਾਬਰਾ... ਛੂ-ਮੰਤਰ... ਆਬਰਾ ਦਾ ਡਾਬਰਾ... ਨਿਕਲ ਬਾਹਰ**

**......ਵਸਤਾਂ ਗਿਰਨ ਦੀ ਆਵਾਜ...... !**

(ਇਕ ਸੁਰ ਵਿਚ): ਹੈਂ ... ਇਹ ਕੀ?

**ਨਰੇਸ਼** : ਇਸ ਪ੍ਰਕਾਰ ਦੇ ਵਰਤਾਰੇ ਬਾਬਤ ਮੈਂ ਤੁਹਾਨੂੰ ਦਸਦਾ ਹਾਂ!

**ਰਾਮੂ** : ਵਾਹ! ਉਸਤਾਦ! ਲੱਗਦਾ ਹੈ, ਸਰਵ-ਗਿਆਨੀ ਹੈ (ਹੱਸਦਾ ਹੈ)

**ਮਹੇਸ਼** : ਹਾਂ ਜਮੂਰੇ! ਮੈਨੂੰ ਤਾਂ ਲੱਗਦਾ ਹੈ ਇਹ ਕੋਈ ਵਿਗਿਆਨੀ ਹੈ !

**ਨਰੇਸ਼** : ਹਾਂ! ਠੀਕ ਹੈ ! ਮੈਂ ਇਕ ਖੋਜਾਰਥੀ ਹਾਂ, ਪਰਿਆਵਰਨੀ ਬਦਲਾਅ ਦਾ! ਗਰਮਾਉਂਦੀ ਧਰਤੀ ਦਾ! ਬਦਲਦੀਆਂ ਫਿਜ਼ਾਵਾਂ ਦਾ!

**(ਜਨ ਸਮੂਹ ਤੋਂ... ਖੋਜਾਰਥੀ...)**

**ਮਹੇਸ਼** : ਮੇਹਰਬਾਨੋ...... ਕਦਰਦਾਨੋ... ਮੈਂ ਇਸ ਨੌਜੁਆਨ ਨੂੰ ਬੇਨਤੀ ਕਰਾਂਗਾ ਕਿ ਸਾਨੂੰ ਸਭ ਨੂੰ ਕਰਵਾਏ ਰੂਬਰੂ, ਹਕੀਕਤ ਦੇ ਨਾਲ !

**ਨਰੇਸ਼** : ਵੇਖੋ! ਜਿਸ ਤਰ੍ਹਾਂ ਫਾਲਤੂ ਚੀਜਾਂ ਠੂਸ ਠੂਸ ਕੇ ਰਾਮੂ ਨੇ ਆਪਣੇ ਝੋਲੇ ਵਿੱਚ ਕਰ ਲਿਆ ਮਘੋਰਾ ਉਸੇ ਤਰ੍ਹਾਂ ਅਸੀਂ ਇਨਸਾਨਾਂ ਨੇ ਵਾਧੂ ਬੇਲੋੜੀਆਂ ਵਸਤਾਂ ਇਕੱਠੀਆਂ ਕਰਕੇ ਸਾਡੇ ਉਪਰ ਵਿਛੀ ਓਜ਼ੋਨ ਪਰਤ ਨੂੰ ਕਰ ਦਿੱਤਾ ਛਿੱਦਾ ਤੇ ਹੋ ਗਿਆ ਉਸ ਵਿੱਚ ਵੱਡਾ ਸਾਰਾ ਛੇਦ ਵੀ!

**ਰਾਮੂ** : (ਦੁਖੀ ਸੁਰ ਵਿਚ) ਹੈਂ ਓਜ਼ੋਨ ਪਰਤ! ਝੋਲੇ ਵਰਗਾ ਛੇਦ! ਪਤਲੀ ਕਰ ਦਿੱਤੀ ਇਹ ਪਰਤ ਅਸਾਂ ਨੇ ?

**ਨਰੇਸ਼** : ਵੇਖੋ ਸਾਡੇ ਸੂਰਜ ਤੋਂ ਧੁਪ ਤੇ ਰੋਸਨੀ ਵਾਯੂਮੰਡਲ ਦੀ ਸਭ ਤੋਂ ਸਿਖਰ ‘ਤੇ ਬਣੀ ਓਜ਼ੋਨ ਦੀ ਇੱਕ ਮੋਟੀ ਪਰਤ ਵਿੱਚੋਂ ਦੀ ਲੰਘ ਕੇ ਰਹੀ ਹੈ ਆ !

**ਰਾਮੂ** : ਬਾਬੂ...! ਕੀ ਕਰਦੀ ਹੈ ਇਹ ਓਜ਼ੋਨ ਪਰਤ?

**ਨਰੇਸ਼** : ਦੋਸਤੋ! ਇਹ ਓਜ਼ੋਨ ਪਰਤ ਸੂਰਜ ਦੀ ਰੋਸਨੀ ਦੀਆਂ ਪਰਾ ਬੈਂਗਣੀ ਕਿਰਨਾਂ ਨੂੰ ਸੋਖ ਕੇ ਧਰਤੀ ‘ਤੇ ਪਹੁੰਚਣ ਤੋਂ ਰੋਕ ਦਿੰਦੀ ਹੈ!

**ਰਾਮੂ** : ਪਰ ਹੁਣ ਕੀ ਹੋ ਗਿਆ ਇਸ ਪਰਤ ਨੂੰ ?

**ਨਰੇਸ਼** : ਅਸੀਂ ਇਨਸਾਨਾਂ ਨੇ ਆਪਣੇ ‘ਵਰਤੋ ਤੇ ਸੁਟੋ’ ਦੇ ਖਪਤਵਾਦੀ ਵਿਕਾਸ ਮਾਡਲ ਰਾਹੀਂ ਜੀਵਣਸ਼ੈਲੀ ਅਜਿਹੀ ਬਣਾ ਲਈ ਹੈ ਕਿ ਏ ਸੀ, ਫਰਿਜ਼ ਤੇ ਹੋਰ ਠੰਢਕ ਪੈਦਾ ਕਰਨ ਵਾਲੇ ਸਾਜੋ ਸਮਾਨ ਜਰੂਰੀ ਬਣ ਗਏ ਰੋਜਾਨਾ ਜੀਵਣ ਦੇ ਲਈ!

**ਰਾਮੂ** : ਪਰ ਇਹ ਤਾਂ ਅਮੀਰਾਂ ਕੋਲ ਹੀ ਨੇ! ਉਨ੍ਹਾਂ ਦਾ ਇਨ੍ਹਾਂ ਬਿਨਾ ਸਰਦਾ ਵੀ ਤਾਂ ਨਹੀਂ!

**ਨਰੇਸ਼** : ਬੱਸ ਇਹੀ ਉਪਕਰਨ ਨੇ ਜਿਹੜੇ ਛੱਡਦੇ ਨੇ ਗਰਮਾਹਟ ਵਧਾਉਣ ਵਾਲੀਆਂ ਗੈਸਾਂ ! ਇਹ ਗੈਸਾਂ ਓਜ਼ੋਨ ਨਾਲ ਕਿਰਿਆ ਕਰਕੇ ਕਰ ਦਿੰਦੀਆਂ ਨੇ ਓਜ਼ੋਨ ਨੂੰ ਨਸ਼ਟ! ਪੈ ਜਾਂਦੀ ਹੈ ਓਜ਼ੋਨ ਚਾਦਰ ਪਤਲੀ! ਹੋ ਗਈ ਹੁਣ ਤਾਂ ਉਸ ਵਿੱਚ ਰਾਮੂ ਦੇ ਝੋਲੇ ਦੀ ਤਰ੍ਹਾਂ ਇੱਕ ਮੋਰੀ ਵੀ!

**ਰਾਮੂ** : ਕੀ ਪੈਂਦਾ ਹੈ ਪ੍ਰਭਾਵ ਉਸ ਮੋਰੀ ਦਾ?

**ਨਰੇਸ਼** : ਵੇਖੋ ਜੀ ਉਸ ਮੋਰੀ ਵਿੱਚੋਂ ਦੀ ਨੁਕਸਾਨਦਾਇਕ ਪਰਾਬੈਂਗਣੀ ਵਿਕੀਰਣ ਆ ਜਾਂਦੇ ਨੇ ਧਰਤੀ ਦੇ ਉਪਰ ਤੇ ਝੁਲਸ ਦਿੰਦੇ ਨੇ ਸਾਡੀ ਚਮੜੀ ਨੂੰ, ਵਧ ਜਾਂਦੇ ਨੇ ਕੈਂਸਰ ਵਰਗੇ ਭਿਆਨਕ ਰੋਗ, ਹੋ ਜਾਂਦਾ ਹੈ ਚਿੱਟਾ ਮੋਤੀਆ ਤੇ ਗੁਣ-ਸੂਤਰਾਂ ਵਿੱਚ ਅਚਾਨਕ ਬਦਲਾਅ, ਨੁਕਸਾਨਿਆ ਜਾਂਦਾ ਹੈ ਧਰਤੀ ਅਤੇ ਸਮੁੰਦਰਾਂ ਦਾ ਜਲੀ ਜੀਵਨ, ਹੋ ਜਾਂਦੇ ਨੇ ਨਸ਼ਟ ਸਮੁੰਦਰਾਂ ਦੇ ਸੂਖਮ ਪਲੈਂਕਟੋਨ ਵੀ ਜਿਹੜੇ ਅਹਿਮ ਹਿੱਸਾ ਨੇ ਸਾਗਰਾਂ ਦੀ ਭੋਜਨ ਲੜੀ ਦਾ!

**ਰਾਮੂ** : ਵਾਹ ਜੀ ਬਿਲਕੁਲ ਮੇਰੇ ਝੋਲੇ ਵਰਗਾ ਹਾਲ !

**ਮਹੇਸ਼** : ਪਰ ਵਿਗਿਆਨੀ ਬਾਬੂ! ਕੀ ਇਸ ਮੋਰੀ ਵਿੱਚੋਂ ਦੀ ਸੂਰਜ ਦੀ ਗਰਮੀ ਜਿਆਦਾ ਆਉਣ ਕਰਕੇ ਹੀ ਧਰਤੀ ਜਿਆਦਾ ਗਰਮਾ ਤਾਂ ਨਹੀਂ ਰਹੀ ?

**ਨਰੇਸ਼** : ਨਹੀਂ ਅਜਿਹਾ ਨਹੀਂ! ਪਰਾਬੈਂਗਣੀ ਕਿਰਣਾਂ ਰਾਹੀਂ ਤਾਂ ਸੂਰਜ ਦੀ ਕੁੱਲ ਰੋਸ਼ਨੀ ਦਾ ਕੇਵਲ 8% ਹੀ ਆਉਂਦਾ ਹੈ! ਇਹ ਮੋਰੀ ਐਨੀ ਕੁ ਰੋਸਨੀ ਨਾਲ ਸਿੱਧੇ ਤੌਰ 'ਤੇ ਤਾਂ ਕੋਈ ਬਹੁਤਾ ਪ੍ਰਭਾਵ ਨਹੀਂ ਪਾ ਸਕਦੀ ਪਰ ਇਨ੍ਹਾਂ ਦੇ ਆਪਸੀ ਸਬੰਧ ਦਾ ਇੱਕ ਹੋਰ ਵਿਗਿਆਨਿਕ ਤੱਥ ਵੀ ਹੈ !

**ਰਾਮੂ** : ਉਹ ਕੀ, ਵਿਗਿਆਨੀ ਬਾਬੂ?

**ਨਰੇਸ਼** : ਜਿਹੜੇ ਕਾਰਕ ਓਜ਼ੋਨ ਪਰਤ ਵਿੱਚ ਮੋਰੀ ਲਈ ਜਿੰਮੇਵਾਰ ਹਨ, ਆਲਮੀ ਤਪਸ਼ ਵੀ ਉਹੀ ਪੈਦਾ ਕਰਦੇ ਹਨ। ਦੋਹਾਂ ਦਾ ਗੂੜ੍ਹਾ ਸੰਬੰਧ ਹੈ!

**ਰਾਮੂ:** : ਅੱਛਾ ਤਾਂ ਓਜ਼ੋਨ ਪਰਤ ਦੀ ਮੋਰੀ ਸਿੱਧਮ ਸਿੱਧੇ ਆਲਮੀ ਤਪਸ਼ ਵਾਸਤੇ ਵੱਡੇ ਪੱਧਰ 'ਤੇ ਜਿੰਮੇਵਾਰ ਨਹੀਂ!

**ਮਹੇਸ਼** : ਪਰ ਵਿਗਿਆਨੀ ਬਾਬੂ! ਤੁਹਾਡੀ ਗੱਲ ਤੋਂ ਤਾਂ ਇਹ ਜਾਪਦਾ ਏ ਕਿ ਓਜ਼ੋਨ ਪਰਤ ਦੀ ਮੋਰੀ ਕਿਤੇ ਨਾ ਕਿਤੇ ਤਾਂ ਆਲਮੀ ਤਪਸ ਦੇ ਲਈ ਕੋਈ ਛੋਟਾ ਮੋਟਾ ਕਾਰਕ ਜਰੂਰ ਹੈ!

**ਨਰੇਸ਼** : ਹਾਂ! ਓਜ਼ੋਨ ਪਰਤ ਦੀ ਮੋਰੀ ਕਾਰਨ ਵਾਯੂਮੰਡਲੀ ਸੰਚਾਰ ਅਤੇ ਵਹਾਓ ਵਿੱਚ ਆਏ ਬਦਲਾਅ, ਦੱਖਣੀ ਅਰਧ ਗੋਲੇ ਦੇ ਕੁਝ ਸਥਾਨਾਂ 'ਤੇ ਮੌਸਮੀ ਤਾਪਮਾਨ ਦੇ ਰੁਖ ਵਿੱਚ ਭੂਮਿਕਾ ਅਦਾ ਕਰਦੇ ਹਨ, ਸਰਦੀ ਦੇ ਅੰਤਮ ਪੜਾਅ ਵਿੱਚ ਸਮੁੰਦਰਾਂ ਦੇ ਉਚੇ ਅਕਸ਼ਾਸਾਂ ਨੂੰ ਅਤੇ ਗਰਮੀ ਦੇ ਮੌਸਮ ਵਿੱਚ ਦੱਖਣੀ ਪ੍ਰਾਇਦੀਪ ਨੂੰ ਗਰਮਾ ਦਿੰਦੇ ਹਨ!

**ਰਾਮੂ** : ਵਿਗਿਆਨੀ ਬਾਬੂ! ਓਜ਼ੋਨ ਦੀ ਤਾਂ ਫਿਰ ਆਲਮੀ ਤਪਸ਼ ਅਤੇ ਜਲਵਾਯੂ ਬਦਲਾਅ ਵਿੱਚ ਨਿਗੂਣੀ ਭੂਮਿਕਾ ਹੀ ਹੋਈ ਨਾ! ਐਵੈਂ ਹੀ ਉਸਤਾਦ ਜੀ ਮੇਰੇ ਝੋਲੇ ਦੇ ਛੇਦ 'ਤੇ ਮੈਨੂੰ ਤਾਅਨੇ ਮਾਰਦੇ ਰਹੇ!

**ਨਰੇਸ਼** : ਨਹੀਂ ਰਾਮੂ! ਓਜ਼ੋਨ ਛੇਦ ਬਾਬਤ ਤਾਂ ਤੁਸੀਂ ਸੁਣ ਹੀ ਲਿਆ ਪਰ ਵਿਗਿਆਨਕ ਤੱਥ ਇਹ ਵੀ ਹੈ ਕਿ ਕਾਰਬਨ ਡਾਈਅਕਸਾਈਡ ਗੈਸ ਦੀ ਤਰ੍ਹਾਂ, ਵਾਯੂਮੰਡਲ ਦੀਆਂ ਨਿਚਲੀਆਂ ਪਰਤਾਂ ਵਿੱਚ ਪਾਈ ਜਾਂਦੀ ਓਜ਼ੋਨ ਗੈਸ ਵੀ, ਹਰਿਤ ਘਰ ਪ੍ਰਭਾਵ ਨਾਲ, ਆਲਮੀ ਤਪਸ਼ ਪੈਦਾ ਕਰਦੀ ਹੈ ਤੇ ਬਦਲਦੀ ਹੈ ਫਿਜ਼ਾਵਾਂ ਨੂੰ!

**ਮਹੇਸ਼** : ਵਿਗਿਆਨੀ ਬਾਬੂ! ਡੋਨਾਲਡ ਟਰੰਪ ਕਹਿੰਦੇ ਨੇ ਕਿ ਆਲਮੀ ਤਪਸ਼ ਤੇ ਜਲਵਾਯੂ ਬਦਲਾਅ ਤਾਂ ਖੇਡ ਹੈ ਅੰਕੜਿਆਂ ਦਾ! ਇਹ ਕੋਈ ਹਕੀਕਤ ਨਹੀਂ! ਕੀ ਕੋਈ ਹੋਰ ਸਬੂਤ ਹਨ ਜਿਹੜੇ ਆਲਮੀ ਤਪਸ਼ ਦੀ ਸ਼ਹਾਦਤ ਜਾਂ ਗਵਾਹੀ ਦਿੰਦੇ ਹੋਣ?

**ਨਰੇਸ਼** : ਹਾਂ ਹਨ! ਸਾਡੀ ਯੂਨੀਵਰਸਿਟੀ ਵਿੱਚ ਪ੍ਰੋ. ਕ੍ਰਿਸ਼ਨਾ ਕੱਲੂ ਨੂੰ ਇਸੇ ਵਿਸ਼ੇ 'ਤੇ ਇੱਕ ਜਨਤਕ ਚਰਚਾ ਕਰਨਗੇ! ਉਥੇ ਤੁਹਾਨੂੰ ਤੁਹਾਡੇ ਪ੍ਰਸ਼ਨ ਦਾ ਵਿਸਤਾਰ ਸਹਿਤ ਜਵਾਬ ਮਿਲ ਜਾਵੇਗਾ!

**ਮਹੇਸ਼, ਰਾਮੂ ਤੇ ਦਰਸ਼ਕ:** ਪਰ ਉਸ ਵਿੱਚ ਅਸੀਂ ਕਿਵੇਂ ਆਵਾਂਗੇ ?

**ਨਰੇਸ਼** : ਅਹਿਮ ਜਨਤਕ ਮੁੱਦਾ ਹੋਣ ਕਰਕੇ ਇਸ ਚਰਚਾ ਵਿੱਚ ਸਭ ਨੂੰ ਖੁੱਲ੍ਹਾ ਸੱਦਾ ਹੈ, ਸਾਰੇ ਆਪਣੇ ਅਨੁਭਵ ਤੇ ਵਿਚਾਰ ਸਾਂਝੇ ਕਰ ਸਕਦੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਲੈਣ ਲਈ – ਇਹ ਚਰਚਾ ਢੁਕਵਾਂ ਮੌਕਾ ਹੋਵੇਗੀ।

**ਇਕ ਸੁਰ ਵਿਚ** : ਅਸੀਂ ਵੀ ਇਸ ਵਿਚ ਭਾਗ ਲਵਾਂਗੇ... ਵਿਗਿਆਨੀ ਬਾਬੂ!

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਤੀਜਾ......**

(ਸਵੇਰ ਦਾ ਸਮਾਂ। ਵਿਦਿਆਰਥੀਆਂ ਦਾ ਆਉਣਾ-ਜਾਣਾ। ਨੇਹਾ ਅਤੇ ਨਰੇਸ਼ ਪ੍ਰਯੋਗਸ਼ਾਲਾ ਵਿਚ ਕੰਮ ਕਰਦੇ ਹੋਏ...)

**ਪ੍ਰੋ. ਕ੍ਰਿਸ਼ਨਾ** :(ਅੰਦਰ ਆਉਂਦੇ ਹੋਏ) ਅੱਛਾ ! ਪਿਛਲੇ ਮਹੀਨੇ ਦੇ ਪ੍ਰਯੋਗ ਡੀਜ਼ਾਈਨ 'ਤੇ ਖੋਜ ਦੇ ਕੰਮ ਦੀ ਕੀ ਪ੍ਰਗਤੀ ਹੈ?

**ਨੇਹਾ** : ਸਰ! ਯੋਜਨਾ ਦੇ ਅਨੁਸਾਰ ਅੰਕੜਿਆਂ ਦਾ ਕੰਮ ਪੂਰਾ ਹੋ ਚੁਕਿਆ ਹੈ।

**ਨਰੇਸ਼** : ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਈ ਪ੍ਰਤੱਖ ਪ੍ਰਮਾਣਾਂ ਤੋਂ ਬਿਨਾ ਆਲਮੀ ਤਪਸ਼ ਅਤੇ ਜਲਵਾਯੂ ਬਦਲਾਅ ਦੀ ਹਕੀਕਤ ਦੇ ਹੋਰ ਵੀ ਕਈ ਨੇ ਗਵਾਹ! ਆਪਾਂ ਖੁਲ੍ਹੇ ਸ਼ੈਸ਼ਨ ਵਿੱਚ ਇਸ ਬਾਬਤ ਚਰਚਾ ਵੀ ਕਰਨੀ ਹੈ!

**ਪ੍ਰੋ. ਕ੍ਰਿਸ਼ਨਾ** : ਕੀ ਚਰਚਾ ਲਈ ਤਿਆਰੀਆਂ ਹੋ ਗਈਆਂ ? ਸਨੇਹੇ ਪਹੁੰਚ ਗਏ ?

**ਨਰੇਸ਼** : ਹਾਂ ਸਰ! ਸਵੇਰ 11:00 ਵਜੇ ਤਕ ਸੱਭ ਕੁੱਝ ਮੁਕੰਮਲ ਹੋ ਜਾਵੇਗਾ !

**ਪ੍ਰੋ. ਕ੍ਰਿਸ਼ਨਾ** : ਓ.ਕੇ. ਬਾਏ......

**ਨੇਹਾ-ਨਰੇਸ਼** : ਬਾਏ... ਬਾਏ... ਸਰ...

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਚੌਥਾ......**

(ਸਵੇਰ ਦਾ ਸਮਾਂ, ਪੰਛੀਆਂ ਦੀ ਚਹਿਚਹਾਟ... ਆਮ ਲੋਕਾਂ ਦਾ ਸ਼ੋਰ... ਮਾਈਕ ਧੁਨੀ ਪ੍ਰਭਾਵ)

**ਨੇਹਾ** : ਨਮਸਕਾਰ! ਤੁਹਾਡਾ ਸਾਰਿਆਂ ਦਾ ਸਵਾਗਤ ਹੈ। ਤੁਸੀਂ .............. ਮਹੇਸ਼ ਅਤੇ ਇਹ ਹਨ ਕਲਾਕਾਰ...। ਮਤਲਬ... ਜਮੂਰਾ (ਹੱਸਦੇ ਹੋਏ)

**ਮਹੇਸ਼** : ਨਮਸਤੇ ਮੈਡਮ! ਤੁਸੀਂ ਸਹੀ ਪਹਿਚਾਣਿਆ ਹੈ। ਖੋਜੀਆਂ ਦੀਆਂ ਨਜ਼ਰਾਂ ਤੋਂ ਕੌਣ ਬਚ ਸਕਦਾ ਹੈ ?

**ਨੇਹਾ** : (ਹੱਸਦੇ ਹੋਏ) ਮਹੇਸ਼... ਤੇਰਾ ਜਾਦੂ ਤਾਂ ਹਰ ਜਗ੍ਹਾ ਕੰਮ ਕਰਦਾ ਹੈ। ਚੰਗੇ ਕਲਾਕਾਰ ਵੀ ਤਾਂ ਸਮਾਜ ਵਿਗਿਆਨੀ ਹੀ ਹੁੰਦੇ ਨੇ! ਤੇਰੀ ਕਲਾ ਅਤੇ ਜਾਦੂ ਲੋਕਾਂ ਨੂੰ ਕੁਝ ਨਵਾਂ ਕਰਨ ਲਈ ਪ੍ਰੇਰਿਤ ਕਰਦੇ ਹਨ।

**ਨਰੇਸ਼** : ਪ੍ਰੋਗਰਾਮ ਸ਼ੁਰੂ ਹੋਣ ਵਾਲਾ ਹੈ। ਤੁਸੀਂ ਚਲ ਕੇ ਆਪਣੀਆਂ ਸੀਟਾਂ 'ਤੇ ਬੈਠ ਜਾਓ।

**## ਧੁਨੀ ਪ੍ਰਭਾਵ... ਮਾਈਕ ##**

**ਨਰੇਸ਼** : ਹੈਲੋ-ਹੈਲੋ! ਮੇਰੀ ਅਵਾਜ਼ ਆ ਰਹੀ ਹੈ ? ਅੱਜ ਇਸ ਖੁੱਲ੍ਹੇ ਸੈਸ਼ਨ ਵਿਚ ਗਲੋਬਲ ਵਾਰਮਿੰਗ ਬਾਬਤ ਆਮ ਜਾਣੀਆਂ ਜਾਂਦੇ ਸਬੂਤਾਂ ਤੋਂ ਬਿਨਾ ਆਲਮੀ ਤਪਸ਼ ਬਾਬਤ ਹੋਰ ਸਬੂਤਾਂ 'ਤੇ ਵਿਚਾਰ ਵਟਾਂਦਰਾ ਹੋਵੇਗਾ !

## (ਧੁਨੀ ਪ੍ਰਭਾਵ ਮਹਿਮਾਨਾਂ ਦਾ ਆਉਣਾ), ਤਾੜੀਆਂ ਦਾ ਧੁਨੀ ਪ੍ਰਭਾਵ ##

ਨੇਹਾ : ਨਮਸਕਾਰ! ਤੁਹਾਡਾ ਸਵਾਗਤ ਹੈ! ਇਸ ਚਰਚਾ ਨੂੰ ਸ਼ੁਰੂ ਕਰਨ ਵਾਸਤੇ ਮੈਂ ਭਾਰਤੀ ਰਾਸ਼ਟਰੀ ਵਿਗਿਆਨ ਅਕਾਦਮੀ ਦੇ ਮੈਂਬਰ, ਅੱਜ ਦੀ ਚਰਚਾ ਦੇ ਸੰਚਾਲਕ ਪ੍ਰੋ. ਕ੍ਰਿਸ਼ਨਾ ਨੂੰ ਸੱਦਾ ਦਿੰਦੀ ਹਾਂ।

## ਧੁਨੀ ਪ੍ਰਭਾਵ ##

ਪ੍ਰੋ. ਕ੍ਰਿਸ਼ਨਾ : ਨੇਹਾ, ਨਰੇਸ਼, ਅਧਿਆਪਕ ਸਾਹਿਬਾਨ, ਡੀਨ ਵਿਦਿਆਰਥੀ ਭਲਾਈ, ਸਭ ਨੂੰ ਮੇਰਾ ਪ੍ਰਣਾਮ! **ਅੱਜ** ਅਸੀਂ ਤਾਪਮਾਨ ਦੇ ਵਾਧੇ ਦੀ ਹਕੀਕਤ ਬਾਬਤ ਆਮ ਜਾਣੇ ਜਾਂਦੇ ਤੱਥਾਂ ਦੇ ਇਲਾਵਾ ਉਪਲਬਧ ਹੋਰ ਸਬੂਤਾਂ 'ਤੇ ਚਰਚਾ ਕਰਾਂਗੇ! ਸਮੇ ਦੇ ਅੰਤਰਾਲ ਨਾਲ ਤਾਪਮਾਨ ਦਾ ਵਧਦੇ ਜਾਣਾ, ਮੌਸਮਾਂ ਦੇ ਤੇਜ਼ ਬਦਲਾਅ, ਸਮੁੰਦਰਾਂ ਦੀਆਂ ਤਲਛੱਟੀਆਂ, ਬਰਫ ਦੀਆਂ ਸਿੱਲੀਆਂ, ਚਟਾਨਾਂ, ਰੁੱਖਾਂ ਦੇ ਤਣਿਆਂ ਦੇ ਸਾਲਾਨਾ ਚੱਕਰ, ਲੱਕੜੀ ਦੀ ਘਣਤਾ, ਵੱਧੋ ਵੱਧ ਤੇ ਘੱਟੋ ਘੱਟ ਤਾਪਮਾਨ ਦੇ ਰਿਕਾਰਡ, ਰੁੱਖਾਂ ਦੇ ਪੱਤਿਆਂ ਦਾ ਜਲਦੀ ਝੜਣਾ, ਸਾਪੇਖਿਕ ਨਮੀ ਆਦਿ ਵਰਗੇ ਵਿਗਿਆਨਕ ਸਬੂਤਾਂ 'ਤੇ ਗੱਲ-ਬਾਤ ਕਰਾਂਗੇ!

ਰਾਮੂ : ਸਰ! ਵਕਤਾਂ ਦੇ ਗੁਜਰਨ ਨਾਲ ਤਾਪਮਾਨ ਵਧਣ ਬਾਬਤ ਕੀ ਨੇ ਸਬੂਤ?

ਮਹੇਸ਼ : ਸਰ! ਮੌਸਮਾਂ ਦੇ ਤੇਜ਼ ਬਦਲਾਅ ਨੂੰ ਆਲਮੀ ਤਪਸ਼ ਦਾ ਸਬੂਤ ਕਿਵੇਂ ਕਹਾਂਗੇ ?

ਪ੍ਰੋ. ਕ੍ਰਿਸ਼ਨਾ : 17ਵੀਂ ਤੋਂ 19ਵੀਂ ਸਦੀ ਤੱਕ ਦੇ ਰਿਕਾਰਡ ਕੀਤੇ ਤਾਪਮਾਨ ਦੇ ਵਿਸ਼ਲੇਸ਼ਣ ਨੇ ਵਿਗਿਆਨੀਆਂ ਨੂੰ ਦਰਸਾ ਦਿੱਤਾ ਕਿ ਇਸ ਧਰਤੀ ਦੇ ਤਾਪਮਾਨ ਵਿੱਚ 20ਵੀਂ ਸਦੀ ਦੌਰਾਨ 0.6 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ! ਸਾਲ 2010 ਤੋਂ ਲੈ ਕੇ ਹੁਣ ਤੱਕ ਪੰਜ ਵਰ੍ਹੇ ਸੱਭ ਤੋਂ ਗਰਮ ਰਹੇ ਹਨ! ਸਾਲ 2016 ਦੇ ਅੱਠ ਮਹੀਨੇ ਸਭ ਤੋਂ ਗਰਮ ਰਹੇ। ਸਾਲ 1950 ਤੋਂ ਹੁਣ ਤੱਕ ਅਮਰੀਕਾ ਵਿੱਚ ਸਭ ਤੋਂ ਵੱਧ ਤਾਪਮਾਨ ਦੀਆਂ ਘਟਨਾਵਾਂ ਵਧੀਆਂ ਹਨ ਤੇ ਸੱਭ ਤੋਂ ਘੱਟ ਤਾਪਮਾਨ ਵਾਲੀਆਂ ਘਟੀਆਂ ਹਨ! ਵਰਖਾ ਦੇ ਮਿਜਾਜ਼ ਵਿੱਚ ਬਦਲਾਅ, ਤੇਜ਼ੀ ਨਾਲ ਬਦਲਦੇ ਮੌਸਮ, ਸੋਕਿਆਂ, ਹੜ੍ਹਾਂ, ਲੂਆਂ ਦਾ ਵਾਧਾ, ਜਲਵਾਯੂ ਬਦਲਾਅ ਦੇ ਹੋਰ ਸਬੂਤ ਹਨ!

ਰਾਮੂ : ਸਰ ਰੁੱਖਾਂ ਦੇ ਤਣਿਆਂ ਦੇ ਚੱਕਰ ਜਾਂ ਲੱਕੜੀ ਦੀ ਘਣਤਾ ਤੋਂ ਜਲਵਾਯੂ ਬਦਲਾਅ ਦਾ ਕਿਵੇਂ ਲੱਗਦਾ ਹੈ ਪਤਾ ?

ਪ੍ਰੋ. ਕ੍ਰਿਸ਼ਨਾ : ਸਾਡੇ ਕੋਲ ਉਪਲਬਧ 4000 ਸਾਲ ਪੁਰਾਣੇ ਰੁੱਖ ਤੇ 10,000 ਸਾਲ ਤੱਕ ਦੇ ਰੁੱਖਾਂ ਦੀ ਲੱਕੜੀ ਦੇ ਅਧਿਐਨ ਦਰਸਾਉਂਦੇ ਹਨ ਕਿ ਮੌਸਮ ਦੇ ਬਦਲਾਅ ਕਾਰਨ ਰੁੱਖਾਂ ਦੇ ਤਣਿਆਂ ਦੇ ਚੱਕਰ ਪਤਲੇ ਮੋਟੇ ਹੋ ਜਾਂਦੇ ਹਨ ਅਤੇ ਲੱਕੜੀ ਦੀ ਘਣਤਾ ਬਦਲ ਜਾਂਦੀ ਹੈ !

ਮਹੇਸ਼ : ਸਰ! ਬਰਫ ਦੀਆਂ ਸਿੱਲੀਆਂ, ਸਮੁੰਦਰਾਂ ਦੀ ਤਲਛੱਟ ਅਤੇ ਚਟਾਨਾਂ ਤੋਂ ਜਲਵਾਯੂ ਬਦਲਾਅ ਦਾ ਕਿਵੇਂ ਪਤਾ ਚਲਦਾ ਹੈ?

ਪ੍ਰੋ. ਕ੍ਰਿਸ਼ਨਾ : ਗਰੀਨਲੈਂਡ ਤੇ ਅੰਟਾਰਟਿਕਾ ਵਿੱਚ ਬਰਫ ਦੀਆਂ ਸਿੱਲੀਆਂ ਦੇ ਭੌਤਿਕ ਤੇ ਰਸਾਇਣਿਕ ਗੁਣ ਦੋਸ਼ਾਂ ਵਿੱਚ ਬਦਲਾਅ ਅਤੇ ਸਮੁੰਦਰੀ ਤਲਛੱਟ ਦੇ ਜਾਂ ਚਟਾਨਾਂ ਦੇ ਬਦਲਾਅ, ਰੁੱਖਾਂ ਦੇ ਪਤਿਆਂ

ਦੇ ਝੜਣ ਤੇ ਨਵੇਂ ਪੱਤੇ ਨਿੱਕਲਣ ਵਿੱਚ ਬਦਲਾਅ ਅਤੇ ਸਾਪੇਖਿਕ ਨਮੀ ਦੇ ਬਦਲਾਅ, ਜਲਵਾਯੂ ਬਦਲਾਅ ਬਾਬਤ ਬਹੁਤ ਪੁਖਤਾ ਜਾਣਕਾਰੀ ਦਿੰਦੇ ਹਨ!

ਨੇਹਾ : ਪ੍ਰੋ. ਸਾਹਿਬ... ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਪ੍ਰਿੰਸੀਪਲ ਸਰ ਅਤੇ ਡੀਨ ਸਰ ਦਾ ਵੀ ਸ਼ੁਕਰੀਆ ਕਰਨਾ ਚਾਹਾਂਗੀ, ਜਿਨ੍ਹਾਂ ਦੇ ਕਾਰਨ ਅਸੀਂ, ਇਸ ਖੁੱਲ੍ਹੇ ਸੈਸ਼ਨ ਦਾ ਆਯੋਜਨ ਕਰ ਸਕੇ। ਬਾਕੀ ਸਭ ਦਾ ਵੀ ਧੰਨਵਾਦ!

**### ਸਮਾਪਨ ਸੰਗੀਤ ###**

**ਪ੍ਰਸ਼ਨ**

**ਪ੍ਰਸ਼ਨ 1 : ਕੀ ਓਜ਼ੋਨ ਪਰਤ ਦੀ ਮੋਰੀ ਆਲਮੀ ਤਪਸ਼ ਦਾ ਮੁੱਖ ਕਾਰਨ ਹੈ? ਇਸ ਮੋਰੀ ਸਬੰਧੀ ਐਨੀ ਚਿੰਤਾ ਕਿਉਂ ਹੈ?**

**ਉੱਤਰ : ਓਜ਼ੋਨ ਪਰਤ ਦੀ ਮੋਰੀ ਆਲਮੀ ਤਪਸ਼ ਦਾ ਵੱਡਾ ਕਾਰਕ ਨਹੀਂ, ਪਰ ਇਸ ਮੋਰੀ ਰਾਹੀਂ ਆਉਂਦੇ ਪਰਾ ਬੈਂਗਣੀ ਵਿਕੀਰਨ ਸਰੀਰ ਲਈ ਹਾਨੀਕਾਰਕ ਹਨ!**

**ਪ੍ਰਸ਼ਨ 2 : ਆਲਮੀ ਤਪਸ਼ ਅਤੇ ਜਲਵਾਯੂ ਬਦਲਾਅ ਦੇ ਆਮ ਬੰਦੇ ਨੂੰ ਦਿਸਣ ਵਾਲੇ ਕਿਹੜੇ ਸਬੂਤ ਨੇ?**

**ਉੱਤਰ : ਮੌਸਮਾਂ ਵਿੱਚ ਤੇਜੀ ਨਾਲ ਹੋ ਰਿਹਾ ਬਦਲਾਅ, ਘਟਦੀਆਂ ਸਰਦੀਆਂ ਤੇ ਵਧਦੀਆਂ ਗਰਮੀਆਂ, ਪੱਤਝੜ ਵਿੱਚ ਬਦਲਾਅ!**